Tender Heart High school Sec-33B chd

Class-7 Ramandeep Kaur

ਪਾਠ -5 ਕਾਂ ਅਤੇ ਚਿੜੀ P-1

ਵਿਦਿਆਰਥੀਓ ਇਸ ਹਫਤੇ ਅਸੀਂ ਪਾਠ -5 'ਕਾਂ ਅਤੇ ਚਿੜੀ' ਕਵਿਤਾ ਪੜ੍ਹਾਂਗੇ। ਇਸ ਕਵਿਤਾ ਰਾਹੀਂ ਕਵੀ ਸਾਨੂੰ ਸਮਝਾਉਣਾ ਚਾਹੁੰਦਾ ਹੈ ਕਿ ਕਿਵੇਂ ਮਨੁੱਖ ਨੇ ਆਪਣੇ ਆਲੇ ਦੁਆਲੇ ਵਾਤਾਵਰਨ ਨੂੰ ਅਸ਼ੁੱਧ ਕਰ ਦਿੱਤਾ ਹੈ।

ਇਸ ਕਵਿਤਾ ਵਿੱਚ ਪੰਛੀਆਂ ਦੇ ਮੂੰਹੋਂ ਵਾਤਾਵਰਨ ਦੀ ਸਥਿਤੀ ਬਾਰੇ ਦੱਸਿਆ ਹੈ। ਜਿਵੇਂ ਉਦਾਸ ਬੈਠੀ ਚਿੜੀ ਨੂੰ ਕਾਂ ਪੁੱਛਦਾ ਹੈ ਕਿ ਤੂੰ ਚਿੰਤਾ ਵਿੱਚ ਕਿਉਂ ਹੈਂ ਤਾਂ ਚਿੜੀ ਨੇ ਕਿਹਾ ਸਾਰਾ ਆਲਾ-ਦੁਆਲਾ ਹੀ ਬਦਲ ਗਿਆ ਹੈ ਪਾਣੀ-ਹਵਾ ਸਭ ਕੁਝ ਦੂਸ਼ਿਤ ਹੋ ਗਿਆ ਹੈ। ਰੁੱਖ ਕੱਟ ਕੇ ਵੱਡੀਆਂ - ਵੱਡੀਆਂ ਇਮਾਰਤਾਂ ਬਣਾ ਦਿੱਤੀਆਂ ਪੰਛੀ ਕਿੱਥੇ ਰਹਿਣਗੇ, ਕੀ ਖਾਣਗੇ, ਆਲ੍ਹਣੇ ਕਿੱਥੇ ਪਾਉਣਗੇ। ਮਨੁੱਖ ਨੇ ਆਪਣੇ ਸੁੱਖ ਲਈ ਸਭ ਕੁਝ ਬਦਲ ਦਿੱਤਾ ਹੈ। ਉਸਨੂੰ ਨਹੀਂ ਪਤਾ ਕਿ ਅਜਿਹਾ ਕਰਨ ਨਾਲ ਉਹ ਆਪਣੇ ਜੀਵਨ ਨੂੰ ਔਖ ਵਿੱਚ ਪਾ ਰਿਹਾ ਹੈ। ਆਪਣਾ ਨੁਕਸਾਨ ਆਪ ਕਰ ਰਿਹਾ ਹੈ। ਓਹ ਕਹਿੰਦੇ - ਸੋਚਦੇ ਹਨ ਕਿ ਕਾਸ਼ ਪਹਿਲਾਂ ਵਰਗੀ ਹੀ ਧਰਤੀ ਹੋ ਜਾਵੇ। ਸਭ ਕੁਝ ਸ਼ੁੱਧ ਅਤੇ ਪਵਿੱਤਰ। ਹਰ ਪਾਸੇ ਰੁੱਖ ਹੀ ਰੁੱਖ। ਚਿੜੀ ਕਹਿੰਦੀ ਮੇਰੀ ਤਾਂ ਇਹ ਹੀ ਅਰਦਾਸ ਹੈ ਕਿ ਮਨੁੱਖ ਨੂੰ ਵਾਤਾਵਰਣ ਦੀ

Class - 7 Ramandeep Kaur
ਪਾਠ-5 (ਰਾਂ ਤੇ ਚਿੜੀ) P-2

ਸੰਭਾਲ ਕਰਨੀ ਆ ਜਾਵੇ ਤੇ ਇਹ ਰਸ ਭਰਿਆ ਜੀਵਨ ਹੋਰ ਵੀ ਵਧੀਆ ਹੋ ਜਾਵੇਗਾ।

ਜੋ ਅਸੀਂ ਇਸ ਕਵਿਤਾ ਤੋਂ ਕੀ ਸਿੱਖਿਆ

→ ਸਾਨੂੰ ਵਾਤਾਵਰਣ ਨੂੰ ਪ੍ਰਦੂਸ਼ਿਤ ਨਹੀਂ ਕਰਨਾ ਚਾਹੀਦਾ।

→ ਸਾਨੂੰ ਹੱਥ ਤੋਂ ਹੱਥ ਰੁੱਖ ਲਗਾਉਣੇ ਚਾਹੀਦੇ ਹਨ।

→ ਸਾਨੂੰ ਪਾਣੀ ਬਰਬਾਦ ਨਹੀਂ ਕਰਨਾ ਚਾਹੀਦਾ।

→ ਆਵਾਜਾਈ ਦੇ ਸਾਧਨਾਂ ਦਾ ਘੱਟ ਪ੍ਰਯੋਗ ਕਰਨਾ ਚਾਹੀਦਾ ਹੈ।

→ ਹਵਾ ਨੂੰ ਪ੍ਰਦੂਸ਼ਿਤ ਨਹੀਂ ਕਰਨਾ ਚਾਹੀਦਾ।

→ ਪਾਣੀ ਵਿੱਚ ਗੰਦ-ਮੰਦ ਨਹੀਂ ਸੁੱਟਣਾ ਚਾਹੀਦਾ।

ਉਪਰੋਕਤ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ। ਕਵਿਤਾ ਨੂੰ ਧਿਆਨ ਨਾਲ ਪੜ੍ਹੋ ਅਤੇ ਯਾਦ ਕਰੋ। ਇਸਦਾ ਅਭਿਆਸ ਅਸੀਂ ਜਮਾਤ ਵਿੱਚ ਵਿਚਾਰਾਂਗੇ।
ਧੰਨਵਾਦ

(Last page)

Be Positive...